129

ਪੰਜਾਬ ਸਰਕਾਰ
ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ
(ਆਫਤ ਪ੍ਰਬੰਧਨ -1 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ ।

ਮੀਮੋ ਨੰ: 4/10/05-2ਡੀ.ਐਮ.1/ 10914-93
ਚੰਡੀਗੜ੍ਹ, ਮਿਤੀ: 23.7.10

ਵਿਸ਼ਾ: ਕੁਦਰਤੀ ਆਫਤਾਂ ਰਾਹਤ ਫੰਡ ਅਧੀਨ ਰਾਹਤ ਦੇਣ ਸਬੰਧੀ ਹਦਾਇਤਾਂ ਵਿਚ ਸੋਧ ਕਰਨ ਬਾਰੇ।

ਕੁਦਰਤੀ ਆਫਤਾਂ ਰਾਹਤ ਫੰਡ ਅਧੀਨ ਰਾਹਤ ਦੇਣ ਸਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਜੋ ਕਿ ਮੀਮੋ ਨੰ: 4/10/2005-2ਡੀ.ਐਮ.1/1264, ਮਿਤੀ 30-3-2007 ਅਤੇ ਮੀਮੋ ਨੰ:4/10/2005-2 ਡੀ.ਐਮ.1/1423, ਮਿਤੀ 10-04-2007 ਰਾਹੀਂ ਜਾਰੀ ਕੀਤੀਆਂ ਗਈਆਂ ਸਨ ਦੇ ਪੈਰਾ 1(i), (ii) ਅਤੇ (iii) ਵਿਚ ਹੇਠ ਲਿਖੇ ਅਨੁਸਾਰ ਅੰਸ਼ਿਕ ਸੋਧ ਕੀਤੀ ਜਾਂਦੀ ਹੈ।.

**ਉਕਤ ਹਦਾਇਤਾਂ ਅਨੁਸਾਰ ਕੁਦਰਤੀ ਆਫਤਾਂ ਰਾਹਤ ਫੰਡ ਅਧੀਨ ਰਾਹਤ ਦੇਣ ਸਬੰਧੀ ਮੌਜੂਦਾ ਉਪਬੰਧ**

"1. ਫਸਲਾਂ ਦੇ ਨੁਕਸਾਨ ਲਈ ਰਾਹਤ ਦੇਣ ਬਾਰੇ:-

(1) ਜਿਥੇ ਫਸਲ ਮੁੱਢਲੀ ਸਟੇਜ ਤੇ ਹੀ ਤਬਾਹ ਹੋ ਜਾਵੇ ਅਤੇ ਉਸ ਰਕਬੇ ਵਿਚ ਉਸੇ ਰੁੱਤ ਵਿਚ ਦੁਬਾਰਾ ਨਾ ਬੀਜੀ ਜਾ ਸਕਦੀ ਹੋਵੇ, ਉਥੇ ਕਿਸਾਨਾਂ ਨੂੰ ਬੀਜ, ਖਾਦ ਆਦਿ ਵਾਸਤੇ 2000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਹਤ ਦਿੱਤੀ ਜਾਵੇ।

(2) ਜਿਥੇ ਫਸਲ ਮੁੱਢਲੀ ਸਟੇਜ ਤੇ ਖਰਾਬ ਹੋ ਜਾਵੇ ਪਰ ਉਸ ਰਕਬੇ ਵਿਚ ਫਸਲ ਦੁਬਾਰਾ ਬੀਜੀ ਜਾ ਸਕਦੀ ਹੋਵੇ ਉਥੇ 1000/-ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਹਤ ਦਿੱਤੀ ਜਾਵੇ।

(3) ਪੱਕੀਆਂ ਖੜ੍ਹੀਆਂ/ਵੱਢੀਆਂ ਫਸਲਾਂ ਤਬਾਹ ਹੋਣ ਤੇ ਹੇਠ ਲਿਖੇ ਅਨੁਸਾਰ ਰਾਹਤ ਦਿੱਤੀ ਜਾਵੇ।

| | | |
|---|---|---|
| (ੳ) | ਜਿਥੇ ਨੁਕਸਾਨ 75% ਤੋਂ ਵੱਧ ਹੋਵੇ | 5000/-ਰੁਪਏ ਪ੍ਰਤੀ ਏਕੜ |
| (ਅ) | ਜਿਥੇ ਨਕਸਾਨ 50% ਤੋਂ ਵੱਧ ਹੋਵੇ ਪਰ 75% ਤੋ ਜਿਆਦਾ ਨਾ ਹੋਵੇਂ | 3000/-ਰੁਪਏ ਪ੍ਰਤੀ ਏਕੜ |
| (ੲ) | ਜਿਥੇ ਨਕਸਾਨ 25% ਤੋਂ ਵੱਧ ਹੋਵੇ ਪਰ 50% ਤੋ ਜਿਆਦਾ ਨਾ ਹੋਵੇ। | 2000/-ਰੁਪਏ ਪ੍ਰਤੀ ਏਕੜ |

**ਕੁਦਰਤੀ ਆਫਤਾਂ ਰਾਹਤ ਫੰਡ ਅਧੀਨ ਰਾਹਤ ਦੇਣ ਸਬੰਧੀ ਕੀਤੀ ਗਈ ਸੋਧ**

1. **ਫਸਲਾਂ ਦੇ ਖਰਾਬ ਕਾਰਨ ਰਾਹਤ:-**

| | | |
|---|---|---|
| (ੳ) | ਜਿਥੇ ਨੁਕਸਾਨ 75% ਤੋਂ ਵੱਧ ਹੋਵੇ | 5000/-ਰੁਪਏ ਪ੍ਰਤੀ ਏਕੜ |
| (ਅ) | ਜਿਥੇ ਨਕਸਾਨ 50% ਤੋਂ ਵੱਧ ਹੋਵੇ ਪਰ 75% ਤੋ ਜਿਆਦਾ ਨਾ ਹੋਵੇ | 3000/-ਰੁਪਏ ਪ੍ਰਤੀ ਏਕੜ |
| (ੲ) | ਜਿਥੇ ਨਕਸਾਨ 25% ਤੋਂ ਵੱਧ ਹੋਵੇ ਪਰ 50% ਤੋ ਜਿਆਦਾ ਨਾ ਹੋਵੇ। | 2000/-ਰੁਪਏ ਪ੍ਰਤੀ ਏਕੜ |

- ਇਹ ਫਸਲਾਂ ਦੀ ਪਰਪੱਕ ਸਟੇਜ ਅਤੇ ਰਕਬੇ ਵਿਚ ਫਸਲ ਦੁਬਾਰਾ ਬੀਜੀ ਜਾਂ ਨਾ ਬੀਜੀ ਜਾ ਸਕਣ ਦੀ ਸ਼ਰਤ ਤੋਂ ਬਿਨਾਂ।
- ਇਹ ਦੁਹਰਾਇਆ ਜਾਂਦਾ ਹੈ ਕਿ ਰਾਹਤ ਬਿਨਾਂ ਕਿਸੇ ਛੋਟੇ ਅਤੇ ਮਾਰਜਨਲ ਕਿਸਾਨ ਦੀ ਸ਼ਰਤ ਤੇ ਸਭ ਨੂੰ ਦਿੱਤੀ ਜਾਵੇ। ਇਸ ਕੁੱਲ ਰੀਲੀਫ ਤੇ ਉਪਰਲੀ ਏਰੀਆ ਸੀਮਾ ਹੱਦ ਨਹੀ ਹੋਵੇਗੀ।
- ਆਫਤ ਦੁਬਾਰਾ ਆਉਣ ਦੀ ਸੂਰਤ ਵਿਚ ਵੀ ਰਾਹਤ ਉਕਤ (ੳ), (ਅ) ਅਤੇ (ੲ) ਅਨੁਸਾਰ ਹੀ ਦਿੱਤੀ ਜਾਵੇਗੀ।
- ਕੁਦਰਤੀ ਆਫਤਾਂ ਰਾਹਤ ਫੰਡ ਦਾ ਹਿੱਸਾ ਹਦਾਇਤਾਂ ਅਨੁਸਾਰ ਵੱਖਰਾ ਗਿਣਿਆ ਜਾਵੇ।

- ਡਿਪਟੀ ਕਮਿਸ਼ਨਰਾਂ ਵਲੋਂ ਕੁਦਰਤੀ ਆਫ਼ਤਾਂ ਰਾਹਤ ਫੰਡ ਅਤੇ ਸਟੇਟ ਬੱਜਟ ਲਈ ਵੱਖਰੀਆਂ-ਵੱਖਰੀਆਂ ਮੰਗਾਂ ਭੇਜਣੀਆਂ ਚਾਹੀਦੀਆਂ ਹਨ।

ਉਪਰੋਕਤ ਸੋਧੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਇਹ ਹਦਾਇਤਾਂ ਤੁਰੰਤ ਅਸਰ ਸਹਿਤ ਲਾਗੂ ਹੋਣਗੀਆਂ। ਉਕਤ ਦਰਸਾਏ ਹਵਾਲਾ ਅਧੀਨ ਪੱਤਰਾਂ (ਮੀਮੋ ਨੰ: 4/10/2005-2ਡੀ.ਐਮ.1/1264, ਮਿਤੀ 30-3-2007 ਅਤੇ ਮੀਮੋ ਨੰ:4/10/2005-2 ਡੀ.ਐਮ.1/1423, ਮਿਤੀ 10-04-2007) ਦੀਆਂ ਬਾਕੀ ਹਦਾਇਤਾਂ ਪਹਿਲਾਂ ਅਨੁਸਾਰ ਹੀ ਰਹਿਣਗੀਆਂ।

ਵਿਸ਼ੇਸ਼ ਸਕੱਤਰ ਮਾਲ-ਕਮ-
ਨਿਰਦੇਸ਼ਕ, ਆਫਤ ਪ੍ਰਬੰਧਨ ਵਿਭਾਗ।

ਪਿੱਠ ਅੰਕਣ ਨੰ: 4/10/05-2ਡੀ.ਐਮ.1/ 10994 ਚੰਡੀਗੜ੍ਹ, ਮਿਤੀ: 23/7/10

ਉਪਰੋਕਤ ਦਾ ਇੱਕ ਉਤਾਰਾ ਵਿੱਤ ਵਿਭਾਗ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ-ਕਮ-
ਨਿਰਦੇਸ਼ਕ, ਆਫਤ ਪ੍ਰਬੰਧਨ ਵਿਭਾਗ।

ਪਿੱਠ ਅੰਕਣ ਨੰ: 4/10/05-2ਡੀ.ਐਮ.1/ 10995 ਚੰਡੀਗੜ੍ਹ, ਮਿਤੀ: 23/7/10

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ-ਕਮ-
ਨਿਰਦੇਸ਼ਕ, ਆਫਤ ਪ੍ਰਬੰਧਨ ਵਿਭਾਗ।

ਪਿੱਠ ਅੰਕਣ ਨੰ: 4/10/05-2ਡੀ.ਐਮ.1/ 10996 ਚੰਡੀਗੜ੍ਹ, ਮਿਤੀ: 23/7/10

ਉਪਰੋਕਤ ਦਾ ਇੱਕ ਉਤਾਰਾ ਅਧੀਨ ਸਕੱਤਰ ਮਾਲ (ਰੂਲਜ਼) ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ-ਕਮ-
ਨਿਰਦੇਸ਼ਕ, ਆਫਤ ਪ੍ਰਬੰਧਨ ਵਿਭਾਗ।

ਪਿੱਠ ਅੰਕਣ ਨੰ: 4/10/05-2ਡੀ.ਐਮ.1/ 10997 ਚੰਡੀਗੜ੍ਹ, ਮਿਤੀ: 23/7/10

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਰਾਸ਼ਟਰੀ ਆਫਤ ਪ੍ਰਬੰਧਨ, ਭਾਰਤ ਸਰਕਾਰ, ਗ੍ਰਿਹ ਮਾਮਲੇ ਾ, ਨਵੀਂ ਦਿੱਲੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ-ਕਮ-
ਨਿਰਦੇਸ਼ਕ, ਆਫਤ ਪ੍ਰਬੰਧਨ ਵਿਭਾਗ।